# ਦਫਤਰ: ਜਿਲ੍ਹਾ ਨੋਡਲ ਅਫਸਰ (ਵਜੀਫਾ) ਸਰਕਾਰੀ ਮਹਿੰਦਰਾ ਕਾਲਜ ਪਟਿਆਲਾ।

ਵੱਲ

ਪ੍ਰਿੰਸੀਪਲ ਸਮੂਹ ਕਾਲਜ/ਯੂਨੀਵਰਸਟੀ, INOs,
ਜਿਲ੍ਹਾ ਪਟਿਆਲਾ।

ਪੱਤਰ ਨੰ. 3352 ਮਿਤੀ 18/9/2025

ਵਿਸ਼ਾ: **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਤਹਿਤ ਸਰਕਾਰੀ ਬਹੁਤਕਨੀਕੀ ਕਾਲਜ ਫਾਰ ਗਰਲਜ਼, ਰਾਜਪੂਰਾ ਰੋਡ, ਪਟਿਆਲਾ ਵਿਖੇ ਮਿਤੀ 19/09/2025 ਨੂੰ ਆਪਣੀ ਸੰਸਥਾ ਦੇ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡ ਕਰਾਵਉਣ ਅਤੇ ਬੈਂਕ ਐਰਰਜ਼ ਠੀਕ ਕਰਵਾਉਣ ਸਬੰਧੀ।**

**ਹਵਾਲਾ:** ਮਾਨਯੋਗ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ ਜੀ ਦੇ ਮੀਮੋਂ ਨੰ. 800412/ਸਕਾ-1/197-198 ਮਿਤੀ 18/09/2025 ਅਤੇ ਸਮਾਜਿਕ ਨਿਆਂ, ਅਧਿਕਾਰਤਾ, ਘੱਟ ਗਿਣਤੀ ਵਿਭਾਗ, ਪੰਜਾਬ ਜੀ ਦੇ ਪੱਤਰ ਨੰ. ਸ-17/18634-40 ਮਿਤੀ 05/09/2025 ਅਤੇ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ, ਪਟਿਆਲਾ ਜੀ ਦੇ ਪੱਤਰ ਨੰ. 396 ਮਿਤੀ 17/09/2025 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਵਰਣਿਤ ਪੱਤਰਾਂ ਦੀ ਲੋਅ ਵਿੱਚ ਸਮੂਹ ਕਾਲਜਾਂ ਦੇ INO ਸਾਹਿਬਾਨਾਂ ਨੂੰ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ, ਪਟਿਆਲਾ ਜੀ ਦੇ ਪੱਤਰ ਨੰ. 396 ਮਿਤੀ 17/09/2025 ਦੀ ਕਾਪੀ ਨਾਲ ਨੱਥੀ ਕਰਕੇ ਹਦਾਇਤ ਕੀਤੀ ਜਾਂਦੀ ਹੈ ਕਿ ਸਾਲ 2022-23, 2023-24 ਤੇ 2024-25 ਦੇ ਜਿਨ੍ਹਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡ ਹੋਣ ਤੋਂ ਰਹਿੰਦੇ ਹਨ ਜਾਂ ਬੈਂਕ ਐਰਰ ਆ ਰਹੀ ਹੈ, ਉਹ ਆਪਣੇ-ਆਪਣੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮਿਤੀ 19/09/2025 ਨੂੰ ਸਮਾਂ ਸਵੇਰੇ 10:00 ਵਜੇ ਸਰਕਾਰੀ ਬਹੁਤਕਨੀਕੀ ਕਾਲਜ ਫਾਰ ਗਰਲਜ਼, ਰਾਜਪੂਰਾ ਰੋਡ, ਪਟਿਆਲਾ ਵਿਖੇ ਇਹ ਕੈਪ ਅਟੈਂਡ ਕਰਕੇ ਆਧਾਰ ਸੀਡ ਕਰਵਾਉਣੇ ਅਤੇ ਬੈਂਕ ਐਰਰਜ਼ ਠੀਕ ਕਰਵਾਉਣੀਆਂ ਯਕੀਨੀ ਬਣਾਉਣ ਅਤੇ ਜੇਕਰ ਕੋਈ ਵਿਦਿਆਰਥੀ ਟਰੇਸ ਨਹੀਂ ਹੋ ਰਿਹਾ ਤਾਂ ਉਸਨੂੰ ਡਰਾਪਆਉਟ ਲਿਸਟ ਵਿੱਚ ਅਪਡੇਟ ਕਰਕੇ ਮਿਤੀ 20/09/2025 ਨੂੰ ਸਮਾਂ 02:00 ਵਜੇ ਤੱਕ ਦਫਤਰੀ ਪੱਤਰ ਰਾਹੀਂ ਨਿਮਨਹਸਤਾਖਰ ਨੂੰ ਸੂਚਿਤ ਕੀਤਾ ਜਾਵੇ। ਅਜਿਹੇ ਵਿਦਿਆਰਥੀਆਂ ਲਈ ਇਹ ਕੈਪ ਇੱਕ ਸੁਨਿਹਰੀ ਮੌਕਾ ਸਾਬਿਤ ਹੋਵੇਗਾ। ਇਸਨੂੰ ਬਿਲਕੁਲ ਵੀ ਮਿਸ ਨਾ ਕੀਤਾ ਜਾਵੇ। ਇਸ ਦੇ ਬਾਵਜੂਦ ਵੀ ਜੇਕਰ ਕੋਈ ਵਿਦਿਆਰਥੀ ਸਕਾਲਰਸ਼ਿਪ ਮਿਲਣ ਤੋਂ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਿਤ ਵਿਦਿਆਰਥੀ ਅਤੇ ਸੰਸਥਾ ਦੀ ਖੁਦ ਦੀ ਹੋਵੇਗੀ। ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਨੱਥੀ: ਸਾਲ 2022-23,2023-24 ਅਤੇ 2024-25 ਦੀ ਐਕਸਲ ਸ਼ੀਟ।

ਜਿਲ੍ਹਾ ਨੋਡਲ ਅਫਸਰ(ਵਜੀਫਾ)
ਸਰਕਾਰੀ ਮਹਿੰਦਰਾ ਕਾਲਜ
ਪਟਿਆਲਾ।

ਪਿੱਠ ਅੰਕਣ ਨੰ. 3353 - 3355 ਮਿਤੀ 18/9/2025

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:

1. ਮਾਨਯੋਗ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ।
2. ਮਾਨਯੋਗ ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ।
3. ਜਿਲ੍ਹਾ ਭਲਾਈ ਅਫਸਰ, ਪਟਿਆਲਾ ।

ਜਿਲ੍ਹਾ ਨੋਡਲ ਅਫਸਰ(ਵਜੀਫਾ)
ਸਰਕਾਰੀ ਮਹਿੰਦਰਾ ਕਾਲਜ
ਪਟਿਆਲਾ।